# ਉਧੇ ਪ੍ਰਤਾਪ ਸਿੰਘ ਦੀ ਜਿੰਦਗੀ ਨੂੰ ਖੇਡਾਂ ਵਤਨ ਪੰਜਾਬ ਦੀਆਂ ਦਿੱਤਾ ਇੱਕ ਨਵਾਂ ਮੋੜ, ਅੱਗੇ ਵੱਧਣ ਦੀ ਮਿਲੀ ਪ੍ਰੇਰਣਾ

## ਅਪਣੀ ਜਿੰਦਗੀ ਦੇ ਸਭ ਤੋਂ ਵੱਡੇ ਸੁਪਨੇ ਨੂੰ ਪੂਰਾ ਕਰਨ ਲਈ ਇੱਕ ਪਲੇਟ ਫਾਰਮ ਮਿਲਣ ਤੇ ਮੁੱਖ ਮੰਤਰੀ ਪੰਜਾਬ ਦਾ ਕੀਤਾ ਧੰਨਵਾਦ

ਪਠਾਨਕੋਟ, 13 ਸਤੰਬਰ (ਰਾਜਿੰਦਰ) ਕਹਿੰਦੇ ਹਨ ਕਿ ਅਗਰ ਕਿਸੇ ਇੰਨਸਾਨ ਅੰਦਰ ਕੋਈ ਕਮੀ ਹੁੰਦੀ ਹੈ ਤਾਂ ਪਰਮ-ਤਮਾ ਉਸ ਨੂੰ ਕਿਸੇ ਖਾਸ ਕਲ੍ਹਾ ਵਿੱਚ ਮਾਹਿਰ ਵੀ ਬਣਾ ਦਿੰਦਾ ਹੈ ਕੁਝ ਇਸ ਤਰ੍ਹਾਂ ਦੀ ਹੀ ਉਦਾਹਰਣ ਵੇਖਣ ਨੂੰ ਮਿ-ਲਆ ਸਪੋਰਟਸ ਸਟੇਡੀਅਮ ਲਮੀਨੀ ਵਿਖੇ ਜਿੱਥੇ ਖੇਡਾਂ ਵਤਨ ਪੰਜਾਬ ਦੀਆਂ ਜਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਇਨ੍ਹਾਂ ਜਿਲ੍ਹਾ ਪੱਧਰੀ ਖੇਡਾਂ ਦਾ ਸੁਭਅਰੰਭ ਕਰ ਰਹੇ ਸਨ। ਜਿਵੇਂ ਹੀ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਅਪਣੀ ਗੱਡੀ ਚੋਂ ਬੈਠਣ ਲੱਗੇ ਤਾਂ ਇੱਕ 17 ਸਾਲ ਦੇ ਨੋਜਵਾਨ ਨੇ ਕੁਝ ਇਸਾਰਿਆਂ ਨਾਲ ਸਮਝਾਉਂਣ ਦੀ ਕੋਸਿਸ ਕੀਤੀ। ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਜਦੋਂ ਨੋਜਵਾਨ ਨਾਲ ਗੱਲ ਕਰਨੀ ਚਾਹੀ ਤਾਂ ਪਤਾ ਲੱਗਾ ਕਿ ਨੋਜਵਾਨ ਨਾ ਬੋਲ ਸਕਦਾ ਹੈ ਅਤੇ ਨਾ ਹੀ ਸੁਣ ਸਕਦਾ ਹੈ। ਕੈਬਨਿਟ ਮੰਤਰੀ ਪੰਜਾਬ ਵੱਲੋਂ ਨੋਜਵਾਨ ਦੀ ਹੌਸਲਾ ਅਫਜਾਈ ਕੀਤੀ ਅਤੇ ਆਸੀਰਵਾਦ ਦਿੱਤਾ ਕਿ ਇਹ ਨੋਜਵਾਨ ਜਿਲ੍ਹਾ ਪਠਾਨਕੋਟ ਦਾ ਨਾਮ ਪੂਰੇ ਪੰਜਾਬ ਅਤੇ ਦੇਸ ਅੰਦਰ ਰੋਸਨ ਕਰੇਗਾ।



ਨੋਜਵਾਨ ਬਾਰੇ ਗੱਲਬਾਤ ਕਰਦਿਆਂ ਉਸ ਦੇ ਪਿਤਾ ਜਗਦੀਸ ਸਿੰਘ ਨਿਵਾਸੀ ਪਿੰਡ ਰਾਣੀਪੁਰ ਜਿਲ੍ਹਾ ਪਠਾਨਕੋਟ ਨੇ ਦੱਸਿਆ ਕਿ ਉਨ੍ਹਾਂ ਦੀਆਂ ਦੋ ਬੇਟੀਆਂ ਅਤੇ ਇੱਕ ਬੇਟਾ ਹੈ। ਉਨ੍ਹਾਂ ਦੱਸਿਆ ਕਿ ਬੇਟਾ ਉਧੇ ਪ੍ਰਤਾਪ ਸਿੰਘ ਸਭ ਤੋਂ ਛੋਟਾ ਹੈ ਅਤੇ ਬਚਪਨ ਤੋਂ ਹੀ ਨਾ ਬੋਲ ਸਕਦਾ ਸੀ ਅਤੇ ਨਾ ਹੀ ਸੁਣ ਸਕਦਾ ਸੀ। ਉਨ੍ਹਾਂ ਦੱਸਿਆ ਕਿ ਉਹ ਆਪ ਰਣਜੀਤ ਸਾਗਰ ਡੈਮ ਸਾਹਪੁਰਕੰਡੀ ਵਿਖੇ ਨੋਕਰੀ ਕਰਦੇ ਸਨ ਅਤੇ ਇਸ ਸਮੇਂ ਸੇਵਾ ਮੁਕਤ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾ ਤਾਂ ਸੁਰੂ ਵਿੱਚ ਉਧੇ ਪ੍ਰਤਾਪ ਸਿੰਘ ਨੂੰ ਸਕੂਲ ਭੇਜਣ ਸੁਰੂ ਕੀਤਾ ਅਠਵੀਂ ਤੱਕ ਸਕੂਲ ਜਾਣ ਤੋਂ ਬਾਅਦ ਅਧਿਆਪਕਾਂ ਵੱਲੋਂ ਕਿਹਾ ਗਿਆ ਕਿ ਇਸ ਬੱਚੇ ਨੂੰ ਸਪੇਸਲ ਸਕੂਲ ਦੀ ਬਹੁਤ ਜਰੂਰਤ ਹੈ ਪਰ ਉਸ ਸਮੇਂ ਇਕੱਲਾ ਬਠਿੰਡਾ ਅਤੇ ਗੰਗਾਨਗਰ ਵਿਖੇ ਹੀ ਅਜਿਹੇ ਸਕੂਲ ਸਨ ਪਰ ਉਨ੍ਹਾਂ ਉੱਥੇ ਭੇਜਨਾ ਮੁਨਾਸਿਬ ਨਾ ਸਮਝਿਆ। ਜਗਦੀਸ ਸਿੰਘ ਨੇ ਦੱਸਿਆ ਕਿ ਉਧੇ ਪ੍ਰਤਾਪ ਸਿੰਘ ਅਕਸਰ ਹੋਰਨਾਂ ਨੂੰ ਖੇਡਾਂ ਖੇਡਦਿਆਂ ਦੇਖਦਾ ਸੀ ਅਤੇ ਇਸ ਅੰਦਰ ਵੀ ਕੁਸਤੀ ਕਰਨ ਦਾ ਸੌਂਕ ਪੈਦਾ ਹੋ ਗਿਆ, ਪਹਿਲਾ ਤਾਂ ਉਨ੍ਹਾਂ ਵੱਲੋਂ ਵਿਰੋਧ ਕੀਤਾ ਪਰ ਫਿਰ ਉਨ੍ਹਾਂ ਕਿਹਾ ਕਿ ਅਗਰ ਤੇਰੀ ਇਹ ਹੀ ਇੱਛਾ ਹੈ ਤਾਂ ਅਸੀਂ ਤੇਰੇ ਨਾਲ ਹਾਂ। ਉਨ੍ਹਾਂ ਦੱਸਿਆ ਕਿ ਅੱਜ ਵੀ ਉਧੇ ਪ੍ਰਤਾਪ ਸਿੰਘ ਪ੍ਰਤੀਦਿਨ ਕਸਰਤ ਕਰਦਾ ਹੈ, ਦੋੜਦਾ ਹੈ ਅਤੇ ਪੰਗੋਲੀ ਚੌਕ ਵਿਖੇ ਰਾਂਝੂ ਦੇ ਅਖਾੜੇ ਵਿੱਚ ਅਪਣਾ ਅਭਿਆਸ ਕਰਦਾ ਹੈ। ਉਨ੍ਹਾਂ ਦੱਸਿਆ ਕਿ ਖੇਤਰ ਅੰਦਰ ਕੋਈ ਵੀ ਛਿੰਝ ਮੇਲਾ ਹੁੰਦਾ ਹੈ ਤਾਂ ਉਧੇ ਉਸ ਵਿੱਚ ਭਾਗ ਲੈਣ ਜਰੂਰ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੋ ਖੇਡਾਂ ਵਤਨ ਪੰਜਾਬ ਦੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਉਨ੍ਹਾਂ ਵਿੱਚ ਜਿਲ੍ਹਾ ਪਠਾਨਕੋਟ ਵਿੱਚ ਉਧੇ ਪ੍ਰਤਾਪ ਸਿੰਘ ਕੁਸਤੀ ਗੇਮ ਵਿੱਚ 60-65 ਕਿਲੋਗ੍ਰਾਮ ਵਰਗ ਵਿੱਚ ਇਕੱਲਾ ਸਪੇਸਲ ਖਿਡਾਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਬੇਟਾ ਚਾਹੇ ਬਹੁਤਾ ਜਿਆਦਾ ਪੜ ਨਹੀਂ ਸਕਿਆ ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਖੇਡ ਮੁਕਾਬਲਿਆਂ ਨੂੰ ਕਰਵਾ ਕੇ ਉਧੇ ਪ੍ਰਤਾਪ ਸਿੰਘ ਨੂੰ ਕੁਸਤੀ ਦੇ ਖੇਤਰ ਅੰਦਰ ਇੱਕ ਵਧੀਆ ਖਿਡਾਰੀ ਬਣਨ ਦੇ ਲਈ ਮੋਕਾ ਦਿੱਤਾ ਹੈ। ਇਸ ਲਈ ਉਹ ਪੰਜਾਬ ਸਰਕਾਰ ਦਾ ਵੀ ਧੰਨਵਾਦ ਕਰਦੇ ਹਨ।
















